
classmate
Date
Page

# ਅਭਿਆਸ 10.3

1. $\triangle DEF$ ਦੀ ਰਚਨਾ ਕਰੋ ਜਿਸ ਵਿੱਚ $DE = 5$ ਸਮ, $DF = 3$ ਸਮ ਅਤੇ $\angle EDF = 90^\circ$ ਹੋਵੇ।




ਰਚਨਾ:-


1. ਇੱਕ ਰੇਖਾਖੰਡ $DE = 5$ ਸਮ ਖਿੱਚਿਆ।
2. D ਉੱਪਰ ਕਿਰਨ DX ਖਿੱਚੀ, ਜੋ DE ਨਾਲ $90^\circ$ ਦਾ ਕੋਣ ਬਣਾਉਂਦੀ ਹੈ।
3. D ਨੂੰ ਕੇਂਦਰ ਮੰਨ ਕੇ 3 ਸਮ ਅਰਧ ਵਿਆਸ ਵਾਲੀ ਇੱਕ ਚਾਪ ਲਗਾਈ ਜੋ DX ਨੂੰ ਬਿੰਦੂ F ਤੇ ਕੱਟਦੀ ਹੈ।
4. FE ਨੂੰ ਮਿਲਾਇਆ।

$\therefore \triangle DEF$ ਲੋੜੀਂਦੀ ਤ੍ਰਿਭੁਜ ਹੈ।

Scanned with CamScanner

classmate
Date
Page

2. ਇੱਕ ਸਮਦੋਭੁਜੀ ਤ੍ਰਿਭੁਜ ਦੀ ਰਚਨਾ ਕਰੋ ਜਿਸਦੀ ਹਰੇਕ ਸਮਾਨ ਭੁਜਾ ਦੀ ਲੰਬਾਈ 6.5 ਸਮ ਹੋਵੇ ਅਤੇ ਇਹਨਾਂ ਦੇ ਵਿਚਕਾਰਲਾ ਕੋਣ 110° ਦਾ ਹੋਵੇ।




ਰਚਨਾ:-


1. ਇੱਕ ਰੇਖਾਖੰਡ PQ = 6.5 ਸਮ ਖਿੱਚਿਆ।
2. P ਉੱਪਰ ਕਿਰਨ PX ਖਿੱਚੀ, ਜੋ PQ ਨਾਲ 110° ਦਾ ਕੋਣ ਬਣਾਉਂਦੀ ਹੈ।
3. P ਨੂੰ ਕੇਂਦਰ ਮੰਨ ਕੇ 6.5 ਸਮ ਅਰਧ ਵਿਆਸ ਵਾਲੀ ਇੱਕ ਚਾਪ ਲਗਾਈ ਜੋ PX ਨੂੰ ਬਿੰਦੂ R ਤੇ ਕੱਟਦੀ ਹੈ।
4. RQ ਨੂੰ ਮਿਲਾਇਆ।

∴ ΔPQR ਲੋੜੀਂਦੀ ਸਮਦੋਭੁਜੀ ਤ੍ਰਿਭੁਜ ਹੈ।

Scanned with CamScanner

classmate
Date
Page

3. BC = 7.5 ਸਮ ਅਤੇ AC = 5 ਸਮ ਅਤੇ $m\angle C = 60^\circ$ ਵਾਲੀ ਤ੍ਰਿਭੁਜ $\Delta ABC$ ਦੀ ਰਚਨਾ ਕਰੋ।




ਰਚਨਾ:-

1. ਇੱਕ ਰੇਖਾਖੰਡ BC = 7.5 ਸਮ ਖਿੱਚਿਆ।
2. C ਉੱਪਰ ਕਿਰਨ CX ਖਿੱਚੀ, ਜੋ BC ਨਾਲ 60° ਦਾ ਕੋਣ ਬਣਾਉਂਦੀ ਹੈ।
3. C ਨੂੰ ਕੇਂਦਰ ਮੰਨ ਕੇ 5 ਸਮ ਅਰਧ ਵਿਆਸ ਵਾਲੀ ਇੱਕ ਚਾਪ ਲਗਾਈ ਜੋ CX ਨੂੰ ਬਿੰਦੂ A ਤੇ ਕੱਟਦੀ ਹੈ।
4. AB ਨੂੰ ਮਿਲਾਇਆ।

$\therefore$ $\Delta ABC$ ਲੋੜੀਂਦੀ ਤ੍ਰਿਭੁਜ ਹੈ।

Scanned with CamScanner